ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 303 ਮਿਤੀ 12.6.19

ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿੰਚਾਈ ਪ੍ਰਸੋਨਲ-2 ਸ਼ਾਖਾ)

ਹੁਕਮ

ਮਿਤੀ 27.05.2019 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਦੀਆ ਸਿਫਾਰਸ਼ਾ ਦੇ ਆਧਾਰ ਤੇ ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਵਿੱਚ ਕੰਮ ਕਰਦੇ ਹੇਠ ਲਿਖੇ ਸੁਪਰਡੰਟ ਗਰੇਡ-2 ਨੂੰ ਬਤੌਰ ਸੁਪਰਡੰਟ ਗਰੇਡ-1 ਤਨਖਾਹ ਸਕੇਲ 15600-39100 + 5400 ਗਰੇਡ-ਪੇਅ ਵਿੱਚ ਪੱਦ ਉਨਤ ਕੀਤਾ ਜਾਂਦਾ ਹੈ :-

| ਲੜੀ ਨੰ: | ਸੀਨੀਆਰਤਾ ਨੰਬਰ | ਕੈਟਾਗਰੀ | ਨਾਮ ਸਰਵ ਸ੍ਰੀ /ਸ੍ਰੀਮਤੀ | ਵਿਸ਼ੇਸ਼ ਕਥਨ |
|---|---|---|---|---|
| 1. | 04-2 | ਜਨਰਲ | ਦਿਲਬਾਗ ਸਿੰਘ ਪੁੱਤਰ ਸ੍ਰੀ ਨਿਰਮਲ ਸਿੰਘ | ਸ੍ਰੀ ਦਿਲਬਾਗ ਸਿੰਘ ਨੂੰ ਉਸ ਤੋਂ ਜੂਨੀਅਰ ਕਰਮਚਾਰੀ ਸ੍ਰੀ ਤਜਿੰਦਰ ਸਿੰਘ ਦੀ ਬਤੌਰ ਸੁਪਰਡੰਟ ਗ੍ਰੇਡ-1 ਪੱਦ ਉਨਤੀ ਦੀ ਮਿਤੀ 13.5.2016 ਤੋਂ ਡੀਮਡ ਡੇਟ ਦੇ ਕੇ ਨੋਸ਼ਨਲ ਤੌਰ ਤੇ ਪੱਦ ਉੱਨਤ ਕੀਤਾ ਜਾਂਦਾ ਹੈ। |

2. ਇਹ ਪੱਦ ਉਨਤੀਆਂ ਹੇਠ ਲਿਖਿਆ ਸ਼ਰਤਾ ਅਨੁਸਾਰ ਹੋਣਗੀਆ :-

(ੳ) ਪੱਦ-ਉਨਤ ਹੋਣ ਵਾਲੇ ਅਧਿਕਾਰੀਆਂ ਨੂੰ ਰੂਲਾਂ/ਹਦਾਇਤਾ ਅਨੁਸਾਰ ਪਰਖ-ਕਾਲ ਦਾ ਇੱਕ ਸਾਲ ਦਾ ਸਮਾ ਪੂਰਾ ਕਰਨਾ ਹੋਵੇਗਾ ।

(ਅ) ਮਾਨਯੋਗ ਸੁਪਰੀਮ ਕੋਰਟ ਵੱਲੋਂ 85 ਵੀ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੌਸ਼ਨੀ ਵਿੱਚ ਪ੍ਰਸੋਨਲ ਵਿਭਾਗ ਵੱਲੋਂ ਜ਼ੋ ਨੀਤੀ ਨਿਰਧਾਰਤ ਕੀਤੀ ਜਾਵੇਗੀ, ਉਸਦੀ ਪਾਲਣਾ ਕੀਤੀ ਜਾਵੇਗੀ । ਪ੍ਰਬੰਧਕੀ ਜਰੂਰਤਾ ਦੇ ਆਧਾਰ ਤੇ ਜੇ ਕੋਈ ਤਬਦੀਲੀ ਆਈ ਤਾ ਇਹ ਪੱਦ ਉਨਤੀਆਂ ਮੁੜ ਵਿਚਾਰੀਆਂ ਜਾ ਸਕਦੀਆ ਹਨ ।

(ੲ) ਇਹ ਤਰੱਕੀਆਂ ਇਸ ਸ਼ਰਤ ਤੇ ਕੀਤੀਆ ਜਾ ਰਹੀਆ ਹਨ ਕਿ ਇਹ ਵੱਖ ਵੱਖ ਅਦਾਲਤਾਂ ਵਿੱਚ ਪੈਡਿੰਗ ਪਏ ਕੋਰਟ ਕੇਸ (ਜੇਕਰ ਕੋਈ ਹੋਵੇ) ਤਾ ਉਹਨਾ ਫੈਸਲਿਆਂ ਤੇ ਅਧਾਰਿਤ ਹੋਣਗੀਆਂ।

(ਸ) ਇਹ ਪੱਦ ਉਨਤੀਆਂ ਕਰਨ ਕਾਰਨ ਫੀਡਰ-ਕਾਡਰ (ਸਭ ਤੋਂ ਹੇਠਲਾ ਕਾਡਰ) ਵਿੱਚ ਖਾਲੀ ਹੋਣ ਵਾਲੀਆਂ ਆਸਾਮੀਆ ਪ੍ਰਸੋਨਲ ਵਿਭਾਗ ਦੇ ਮੀਮੋ ਨੰ: 3/41/02-3ਪੀਪੀ(1)/8003, ਮਿਤੀ 19.6.2002 ਰਾਹੀ ਜਾਰੀ ਹਦਾਇਤਾ ਦੀ ਰੋਸ਼ਨੀ ਵਿੱਚ ਖਤਮ ਸਮਝੀਆ ਜਾਣ।

(ਹ) ਇਹ ਹੁਕਮ ਸੁਪਰਡੰਟ ਗਰੇਡ-1 ਦੀ ਆਸਾਮੀ ਤੇ ਹਾਜ਼ਰ ਹੋਣ ਦੀ ਮਿਤੀ ਤੋਂ ਲਾਗੂ ਹੋਣਗੇ ਅਤੇ ਇਹਨਾ ਦੀ ਪੋਸਟਿੰਗ ਦੇ ਹੁਕਮ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ ।

ਮਿਤੀ, ਚੰਡੀਗੜ੍ਹ
10.06.2019

ਸਰਵਜੀਤ ਸਿੰਘ, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜਲ ਸਰੋਤ ਵਿਭਾਗ

ਪਿੱਠ ਅੰਕਣ ਨੰ: 1/32/2018-5ਸਿਪ੍ਰੋ2/14994-22/4 ਮਿਤੀ, ਚੰਡੀਗੜ੍ਹ: 11/6/19

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 5144/7 ਪ੍ਰਸ਼ਾਸਨ/2019 ਮਿਤੀ 06.05.2019 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ vacancy position ਸਮੇਤ ਤਜਵੀਜ / ਸਬੰਧਤ ਦੀ ਜੁਆਇੰਨਿੰਗ ਰਿਪੋਰਟ ਤੁਰੰਤ ਭੇਜੀ ਜਾਵੇ।
2. ਸਮੂਹ ਮੁੱਖ ਇੰਜੀਨੀਅਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
4. ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈੱਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
5. ਸੁਪਰਡੰਟ, ਪ੍ਰਸ਼ਾਸ਼ਨ ਸ਼ਾਖਾ, ਮੁੱਖ ਦਫਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
6. ਸਬੰਧਤ ਅਧਿਕਾਰੀ/ਕਰਮਚਾਰੀ ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।

ਸੁਪਰਡੰਟ

Scanned by CamScanner